# ਆਮ ਪੁੱਛੇ ਜਾਣ ਵਾਲੇ ਪ੍ਰਸ਼ਨ

## ਹਿਊਮਨ ਪੈਪੀਲੋਮਾ ਵਾਇਰਸ (ਐਚ.ਪੀ.ਵੀ)

### ਪ੍ਰਸ਼ਨ: ਐਚ.ਪੀ.ਵੀ ਕੀ ਹੁੰਦਾ ਹੈ?

**ਉੱਤਰ:**ਹਿਊਮਨ ਪੈਪੀਲੋਮਾ ਵਾਇਰਸ, ਜਿਸ ਨੂੰ ਅਸੀਂ ਸੰਖੇਪ ਵਿਚ ਐਚ.ਪੀ.ਵੀ ਕਹਿੰਦੇ ਹਾਂ, ਇਕ ਆਮ ਵਾਇਰਸ ਹੈ ਜੋ ਸਰਵਾਈਕਲ (ਬੱਚੇਦਾਨੀ ਦੇ ਮੂੰਹ ਦਾ) ਕੈਂਸਰ ਪੈਦਾ ਕਰਦਾ ਹੈ। ਐਚ.ਪੀ.ਵੀ ਰੋਗ ਨਾਲ ਸੰਕ੍ਰਮਿਤ ਬਹੁਤੇ ਵਿਅਕਤੀਆਂ ਵਿਚ ਰੋਗ ਦੀਆਂ ਨਿਸ਼ਾਨੀਆਂ ਜਾਂ ਅਲਾਮਤਾਂ ਨਹੀਂ ਹੁੰਦੀਆਂ। ਜ਼ਿਆਦਾਤਰ ਐਚ.ਪੀ.ਵੀ ਇਨਫੈਕਸ਼ਨ ਨੂੰ ਸਾਡਾ ਸਰੀਰ ਪਹਿਲੇ ਕੁਝ ਸਾਲਾਂ ਵਿੱਚ ਹੀ ਖਤਮ ਕਰ ਦਿੰਦਾ ਹੈ। ਜਿਹੜੇ ਖਤਮ ਨਹੀਂ ਹੁੰਦੇ, ਉਹਨਾਂ ਨੂੰ 'ਸਥਿਰ' ਕਿਹਾ ਜਾਂਦਾ ਹੈ ਅਤੇ ਉਹ ਬੱਚੇਦਾਨੀ ਦੇ ਮੂੰਹ ਕੈਂਸਰ ਪੈਦਾ ਕਰ ਸਕਦੇ ਹਨ।

### ਪ੍ਰਸ਼ਨ: ਐਚ.ਪੀ.ਵੀ ਟੀਕਾਕਰਣ ਦੀ ਕਿਉਂ ਲੋੜ ਹੈ?

**ਉੱਤਰ:** ਹਿਊਮਨ ਪੈਪੀਲੋਮਾ ਵਾਇਰਸ – ਐਚ.ਪੀ.ਵੀ ਦੀਆਂ ਕੁਝ ਕਿਸਮਾਂ ਕੈਂਸਰ ਪੈਦਾ ਕਰਦੀਆਂ ਹਨ, ਜਿਸ ਵਿਚ ਬੱਚੇਦਾਨੀ ਦੇ ਮੂੰਹ ਦਾ, ਯੋਨੀ ਦੇ ਮੂੰਹ ਦਾ, ਲਿੰਗ ਦਾ, ਗੁਦੇ ਦਾ, ਗਲ਼ੇ ,ਜੀਭ ਦਾ, ਮੁੱਢ, ਟੌਂਸਿਲ, ਗਲ਼ੇ ਦੇ ਪਿੱਛਲੇ ਹਿਸੇ ਦਾ ਕੈਂਸਰ ਸ਼ਾਮਲ ਹਨ। ਕੁਝ ਐਚ.ਪੀ.ਵੀ ਸੰਕ੍ਰਮਣ ਦੀਆਂ ਕਿਸਮਾਂ ਜਣਨ ਇੰਦਰੀਆਂ ਉਤੇ ਮਹੁਕੇ ਪੈਦਾ ਕਰ ਦਿੰਦੀਆਂ ਹਨ। ਬਹੁਤੇ ਲੋਕਾਂ ਨੂੰ ਆਪਣੀ ਜ਼ਿੰਦਗੀ ਵਿਚ ਕਿਸੇ ਨਾ ਕਿਸੇ ਸਮੇਂ ਵਿਚ ਐਚ.ਪੀ.ਵੀ ਦਾ ਸੰਕ੍ਰਮਣ ਜ਼ਰੂਰ ਹੁੰਦਾ ਹੈ, ਅਤੇ ਇਹ ਸੰਕ੍ਰਮਣ ਬਹੁਤੇ ਮਾਮਲਿਆਂ ਵਿਚ ਕੋਈ ਚਿੰਨ੍ਹ ਨਹੀਂ ਦਰਸਾਉਂਦੇ। ਸੰਭਵ ਹੈ ਕਿ ਬਿਨਾਂ ਪਤਾ ਲਗਿਆਂ ਹੀ ਐਚ.ਪੀ.ਵੀ ਦਾ ਸੰਕ੍ਰਮਣ ਹੋ ਜਾਵੇ, ਇੰਜ ਇਹ ਵੀ ਸੰਭਵ ਹੈ ਕਿ ਅਣਜਾਣਿਆਂ ਹੀ ਐਚ.ਪੀ.ਵੀ ਅਗੇ ਦੂਜੇ ਵਿਅਕਤੀ ਤਕ ਫੈਲ ਜਾਵੇ।

ਐਚ.ਪੀ.ਵੀ ਟੀਕਾਕਰਣ ਇਸ ਬੀਮਾਰੀ ਦੀ ਰੋਕਥਾਮ ਲਈ ਜ਼ਬਰਦਸਤ ਹਥਿਆਰ ਹੈ। ਇਹ ਸੁੱਰਖਿਅਤ, ਅਸਰਦਾਰ ਟੀਕਾ 16 ਅਤੇ 18 ਕਿਸਮ ਦੀਆਂ ਐਚ.ਪੀ.ਵੀ ਵਿਰੁੱਧ (ਦੋਹਰਾ ਟੀਕਾਕਰਣ) ਅਤੇ 16,18,6 ਅਤੇ 11 ਕਿਸਮ ਦੀਆਂ ਐਚ.ਪੀ.ਵੀ ਵਿਰੁੱਧ (ਚੌਗੁਣਾ ਟੀਕਾਕਰਣ) ਰਾਖੀ ਕਰਨ ਲਈ ਮਿਲਦਾ ਹੈ; ਇਹ ਕਿਸਮਾਂ ਸੰਸਾਰ ਭਰ ਵਿਚ ਹੁੰਦੇ ਬੱਚੇਦਾਨੀ ਦੇ ਮੂੰਹ, ਸਰਵਿਕਸ ਦੇ ਕੈਂਸਰ ਦਾ ਲਗਭਗ 70 ਫੀਸਦੀ ਪੈਦਾ ਕਰਦੀਆਂ ਹਨ। ਭਾਰਤ ਵਿਚ ਸਰਵਾਈਕਲ (ਬੱਚੇਦਾਨੀ ਦੇ ਮੂੰਹ ਦਾ) ਕੈਂਸਰ ਦਾ 80 ਫੀਸਦੀ ਐਚ.ਪੀ.ਵੀ ਦੀਆਂ 16 ਅਤੇ 18 ਕਿਸਮਾਂ ਤੋਂ ਪੈਦਾ ਹੁੰਦਾ ਹੈ।

### ਪ੍ਰਸ਼ਨ: ਕੀ ਐਚ.ਪੀ.ਵੀ ਨਾਲ ਗ੍ਰਸਤ ਸਾਰੀਆਂ ਔਰਤਾਂ ਨੂੰ ਲਾਜ਼ਮੀ ਹੀ ਬੱਚੇਦਾਨੀ ਦਾ ਕੈਂਸਰ ਹੋ ਜਾਂਦਾ ਹੈ?

**ਉੱਤਰ:**ਨਹੀਂ। ਜ਼ਿਆਦਾਤਰ ਔਰਤਾਂ ਵਿਚ ਐਚ.ਪੀ.ਵੀ ਦਾ ਸੰਕ੍ਰਮਣ ਉਹਨਾਂ ਦਾ ਸਰੀਰ ਹੀ ਪਹਿਲੇ ਕੁਝ ਸਾਲਾਂ ਵਿਚ ਖਤਮ ਕਰ ਦਿੰਦਾ ਹੈ। ਐਚ.ਪੀ.ਵੀ ਦੀਆਂ ਬਹੁਤ ਸਾਰੀਆਂ ਕਿਸਮਾਂ ਵਿੱਚੋ ਕੇਵਲ ਕੁਝ ਹੀ ਬੱਚੇਦਾਨੀ ਦੇ ਮੂੰਹ ਦਾ ਕੈਂਸਰ ਕਰ ਸੱਕਦੀਆਂ ਹਨ ਅਤੇ ਉਹ ਵੀ ਤਾਂ ਜੇਕਰ ਉਹ ਸ੍ਰੀਰ ਖ਼ਤਮ ਨਾ ਕਰ ਸਕੇ ਅਤੇ ਉਹ 10-20 ਸਾਲ ਤੱਕ ਸ੍ਰੀਰ ਵਿੱਚ ਰਹਿ ਜਾਣ ।ਜੇ ਸਰੀਰ ਉਹਨਾਂ ਨੂੰ ਖਤਮ ਨਹੀਂ ਕਰ ਦਿੰਦਾ ਅਤੇ ਜੇ ਉਹ 10-20 ਸਾਲ ਜਾਰੀ ਰਹਿੰਦੀਆਂ ਹਨ, ਤਾਂ ਉਹ ਬੱਚੇਦਾਨੀ ਦੇ ਮੂੰਹ ਦਾ ਕੈਂਸਰ ਪੈਦਾ ਕਰ ਸਕਦੀਆਂ ਹਨ। ਐਚ.ਪੀ.ਵੀ ਵਾਇਰਸ ਦੀਆਂ ਬੱਚੇਦਾਨੀ ਦੇ ਮੂੰਹ ਦਾ ਕੈਂਸਰ ਕਰਨ ਵਾਲੀਆਂ ਕਿਸਮਾਂ ਵਿੱਚੋਂ ਦੋ ਕਿਸਮਾਂ 16 ਅਤੇ 18, 70 ਫੀਸਦੀ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦਾ ਕਾਰਨ ਬਣਦੀਆਂ ਹਨ।

ਇਸ ਤੋਂ ਇਲਾਵਾ 30-49 ਸਾਲ ਦੀਆਂ ਔਰਤਾਂ ਦੀ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੀ ਪੂਰਣਅਵਸਥਾ ਲਈ ਜਾਂਚ ਕੀਤੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਸਮੇਂ ਸਿਰ ਕੀਤੀ ਜਾਂਚ ਅਤੇ ਇਲਾਜ ਨਾਲ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਤੋਂ ਪੀੜਤ ਅਤੇ ਹੋਣ ਵਾਲੀਆਂ ਔਰਤਾਂ ਦੀਆਂ ਮੌਤਾਂ ਨੂੰ ਘਟਾਇਆ ਜਾ ਸਕਦਾ ਹੈ।

### ਪ੍ਰਸ਼ਨ: ਐਚ.ਪੀ.ਵੀ ਕਾਰਣ ਪੈਦਾ ਹੋਈਆਂ ਸਿਹਤ ਸਮੱਸਿਆਵਾਂ ਕਿੰਨੀਆਂ ਕੁ ਆਮ ਹਨ?

**ਉੱਤਰ:**ਐਚ.ਪੀ.ਵੀ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦਾ ਮੁੱਖ ਕਾਰਣ ਹੈ; ਵਿਕਾਸਸ਼ੀਲ ਦੇਸਾਂ ਵਿੱਚ ਇਹ ਇਸਤਰੀਆਂ ਵਿੱਚ ਦੂਸਰਾ ਸਭ ਤੋਂ ਵੱਧ ਹੋਣ ਵਾਲਾ ਕੈਂਸਰ ਹੈ।ਹਰ ਸਾਲ ਸੰਸਾਰ ਵਿਚ 5 ਲੱਖ ਅਜਿਹੇ ਨਵੇਂ ਕੇਸ ਵਾਪਰਦੇ ਹਨ ਅਤੇ ਉਹਨਾਂ ਵਿਚੋਂ ਲਗਭਗ 2 ਲੱਖ 75 ਹਜ਼ਾਰ ਮੌਤਾਂ ਹੋ ਜਾਂਦੀਆਂ ਹਨ। ਹਰ ਸਾਲ ਬੱਚੇਦਾਨੀ ਦੇ ਮੂੰਹ ਦੇ ਕੈਂਸਰ

ਨਾਲ ਮਰਨ ਵਾਲੀਆਂ ਇਸਤਰੀਆਂ ਵਿੱਚੋਂ 85% ਵਿਕਾਸਸ਼ੀਲ ਦੇਸ਼ਾ ਤੋਂ ਹੁੰਦੀਆਂ ਹਨ ਅਤੇ ਇੱਕਲੇ ਭਾਰਤ ਵਿੱਚ ਲਗਪਗ 70,000 ਮੌਤਾਂ ਸਰਵਾਈਕਲ ਕੈਂਸਰ ਨਾਲ ਹੁੰਦੀਆਂ ਹਨ।

## ਐਚ.ਪੀ.ਵੀ ਟੀਕਾਕਰਣ

### ਪ੍ਰਸ਼ਨ: ਕੀ ਐਚ.ਪੀ.ਵੀ ਟੀਕਾਕਰਣ ਐਚ.ਪੀ.ਵੀ ਦੇ ਸੰਕ੍ਰਮਣ (ਇਨਫੈਕਸ਼ਨ) ਦਾ ਜਾਂ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦਾ ਇਲਾਜ ਕਰ ਸਕਦਾ ਹੈ?

**ਉੱਤਰ:**ਐਚ.ਪੀ.ਵੀ ਟੀਕਾਕਰਣ ਪਹਿਲਾਂ ਹੀ ਹੋ ਚੁਕੇ ਐਚਪੀਵੀ ਸੰਕ੍ਰਮਣ ਦਾ ਨਾ ਇਲਾਜ ਕਰਦਾ ਹੈ ਅਤੇ ਨਾ ਹੀ ਇਸ ਤੋਂ ਖਹਿੜਾ ਛੁਡਾਉਂਦਾ ਹੈ। ਇਸ ਤੋਂ ਇਲਾਵਾ, ਐਚ.ਪੀ.ਵੀ ਟੀਕਾਕਰਣ ਉਹਨਾਂ ਸਿਹਤ ਸਮੱਸਿਆਵਾਂ (ਜਿਵੇਂ ਕੈਂਸਰ ਜਾਂ ਮਹੁਕੇ) ਦਾ ਵੀ ਇਲਾਜ ਨਹੀਂ ਕਰਦਾ, ਜਿਹੜੀਆਂ ਟੀਕਾਕਰਣ ਤੋਂ ਪਹਿਲਾਂ ਹੀ ਐਚ.ਪੀ.ਵੀ ਦੇ ਸੰਕ੍ਰਮਣ ਨੇ ਪੈਦਾ ਕਰ ਦਿਤੀਆਂ ਹੋਣ। ਪਰ ਐਚ.ਪੀ.ਵੀ ਦਾ ਟੀਕਾਕਰਣ ਐਚ.ਪੀ.ਵੀ ਦੇ ਸੰਕ੍ਰਮਣ ਨੂੰ ਰੋਕਦਾ ਹੈ।

ਬਾਲਗ ਔਰਤਾਂ ਲਈ ਜ਼ਰੂਰੀ ਹੈ ਕਿ ਜੇ ਉਹਨਾਂ ਨੇ ਐਚ.ਪੀ.ਵੀ ਟੀਕਾਕਰਣ ਮੁਕੰਮਲ ਵੀ ਕਰ ਲਿਆ ਹੋਵੇ ਤਾਂ ਵੀ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੀ ਜਾਂਚ ਕਰਵਾ ਲੈਣ।

### ਪ੍ਰਸ਼ਨ: ਐਚ.ਪੀ.ਵੀ ਟੀਕਾਕਰਣ ਕਰਵਾਉਣਾ ਕਿੰਨਾ ਜ਼ਰੂਰੀ ਹੈ?

**ਉੱਤਰ:**ਐਚ.ਪੀ.ਵੀ ਦਾ ਟੀਕਾਕਰਣ ਇਸ ਵੱਲੋਂ ਨਿਸ਼ਾਨਿਤ ਐਚ.ਪੀ.ਵੀ ਦੀਆਂ ਕਿਸਮਾਂ ਕਾਰਨ ਪੈਦਾ ਹੋਣ ਵਾਲੇ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਨੂੰ ਰੋਕਣ ਲਈ ਮਹੱਤਵਪੂਰਣ ਹਥਿਆਰ ਹੈ।

### ਪ੍ਰਸ਼ਨ: ਐਚ.ਪੀ.ਵੀ ਟੀਕਾਕਰਣ ਦੇ ਟੀਕੇ ਦੀ ਖੁਰਾਕ ਕਿੰਨੀ ਹੈ, ਇਹ ਕਿੱਥੇ ਦਿੱਤਾ ਜਾਂਦਾ ਹੈ ਅਤੇ ਕਿਵੇਂ ਲਗਾਇਆ ਜਾਂਦਾ ਹੈ ?

**ਉੱਤਰ:**ਐਚ.ਪੀ.ਵੀ ਦਾ ਟੀਕਾ ਇਕ ਤਰਲ ਟੀਕਾ ਹੁੰਦਾ ਹੈ ਜੋ ਬਾਂਹ ਉਤੇ ਮਾਸਪੇਸ਼ੀ ਵਿੱਚ ਲਾਇਆ ਜਾਂਦਾ ਹੈ। ਦੁਆਈ ਦੀ 0.5 ਮਿਲੀਲਿਟਰ ਮਾਤਰਾ ਲੜਕੀ ਦੀ ਬਾਂਹ ਦੇ ਉਪਰਲੇ ਭਾਗ ਉਤੇ ਟੀਕੇ ਰਾਹੀਂ ਲਾਈ ਜਾਂਦੀ ਹੈ।

## ਦੋ ਟੀਕਿਆਂ ਵਿੱਚ ਵਕਫਾ ਛੇ ਮਹੀਨੇ ਦਾ

### ਪ੍ਰਸ਼ਨ: ਐਚ.ਪੀ.ਵੀ ਦੀਆਂ ਦੋ ਖੁਰਾਕਾਂ ਲਈ ਸਿਫਾਰਸ਼ ਕੀਤੀ ਸਮਾਂ ਸਾਰਣੀ ਕੀ ਹੈ?

**ਉੱਤਰ:** ਦੋ ਖੁਰਾਕਾਂ ਦਰਮਿਆਨ ਘਟੋ ਘੱਟ 6 ਮਹੀਨਿਆਂ ਦਾ ਫਰਕ ਹੋਣਾ ਚਾਹੀਦਾ ਹੈ, ਪਰ ਇਹ ਵਕਫਾ 12 ਮਹੀਨਿਆਂ ਤੋਂ ਵੱਧ ਦਾ ਨਹੀਂ ਹੋਣਾ ਚਾਹੀਦਾ।

### ਪ੍ਰਸ਼ਨ: ਕੀ ਐਚ.ਪੀ.ਵੀ ਦਾ ਟੀਕਾ ਮਹਿੰਗਾ ਹੈ? ਇਕ ਖੁਰਾਕ ਦੀ ਕੀਮਤ ਕਿੰਨੀ ਹੈ?

**ਉੱਤਰ:** ਹਾਂ, ਐਚ.ਪੀ.ਵੀ ਦਾ ਟੀਕਾ ਕਾਫੀ ਮਹਿੰਗਾ ਹੋ ਸਕਦਾ ਹੈ। ਭਾਰਤ ਵਿਚ ਇਸ ਟੀਕੇ ਦੀ ਦੁਆਈ ਪ੍ਰਾਈਵੇਟ ਕਲਿਨਿਕਾਂ ਵਿਚ ਦੋ ਖੁਰਾਕਾਂ ਲਈ 3000-4000 ਰੁਪਿਆਂ ਦੀ ਮਿਲਦੀ ਹੈ। ਇਹ ਦੁਆਈ ਸਰਕਾਰੀ ਸਿਹਤ ਕੇਂਦਰਾਂ ਵਿਚ ਮੁਫਤ ਦਿਤੀ ਜਾਵੇਗੀ ਅਤੇ ਬਠਿੰਡਾ ਅਤੇ ਮਾਨਸਾ ਜ਼ਿਲਿਆਂ ਤੋਂ ਸ਼ੁਰੂ ਕੀਤੀ ਜਾਵੇਗੀ।

## ਐਚ.ਪੀ.ਵੀ ਟੀਕਾਕਰਣ ਲਈ ਨਿਸ਼ਾਨਿਤ ਵਸੋਂ

### ਪ੍ਰਸ਼ਨ: ਐਚ.ਪੀ.ਵੀ ਟੀਕਾ ਕਿਸ ਨੂੰ ਲਗਣਾ ਚਾਹੀਦਾ ਹੈ?

**ਉੱਤਰ:** ਵਿਸ਼ਵ ਸਿਹਤ ਸੰਗਠਨ (WHO) ਵੱਲੋਂ ਐਚ.ਪੀ.ਵੀ ਦੇ ਟੀਕਾਕਰਣ ਲਈ 9 ਸਾਲ ਤੋਂ 13 ਸਾਲ ਦੀਆਂ ਲੜਕੀਆਂ ਦੀ ਸਿਫਾਰਸ਼ ਕੀਤੀ ਗਈ ਹੈ। 9 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਲਈ ਇਸ ਦੁਆਈ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

**ਪ੍ਰਸ਼ਨ: ਐਚ.ਪੀ.ਵੀ ਦੇ ਟੀਕੇ ਦੀ ਸਿਫਾਰਸ਼ ਕੇਵਲ 9-13 ਸਾਲ ਦੀ ਉਮਰ ਦੇ ਸਮੂਹ ਲਈ ਹੀ ਕਿਉਂ ਕੀਤੀ ਗਈ ਹੈ?**

**ਉੱਤਰ:** ਐਚ.ਪੀ.ਵੀ ਦੇ ਟੀਕੇ ਦੇ ਵਧੀਆ ਨਤੀਜੇ ਲੈਣ ਲਈ ਜ਼ਰੂਰੀ ਹੈ ਕਿ ਕੁੜੀਆਂ ਇਸਦੇ ਸੰਕ੍ਰਮਣ ਹੋਣ ਤੋਂ ਕਾਫੀ ਸਮਾਂ ਪਹਿਲਾਂ ਹੀ ਇਸ ਦੀਆਂ ਦੋ ਖੁਰਾਕਾਂ ਲੈ ਚੁਕੀਆਂ ਹੋਣ। ਇਸ ਤੋਂ ਇਲਾਵਾ ਇਹ ਟੀਕਾ ਵਡੀ ਉਮਰ ਦੇ ਮੁਕਾਬਲੇ ਛੋਟੀ ਉਮਰ ਵਿਚ ਦਿਤੇ ਜਾਣ ਉਤੇ ਐਂਟੀ-ਬਾਡੀ ਦਾ ਉਚੇਰਾ ਪੱਧਰ ਬਣਾਉਣ ਵਿੱਚ ਸਹਾਈ ਹੁੰਦਾ ਹੈ।

**ਪ੍ਰਸ਼ਨ: ਕੀ ਟੀਕਾਕਰਣ ਦੇ ਕੋਈ ਵਿਰੋਧੀ ਸੰਕੇਤ ਵੀ ਹਨ?**

**ਉੱਤਰ:** ਜੇ ਕਿਸੇ ਕੁੜੀ ਉਤੇ ਟੀਕਾਕਰਣ ਦੀ ਪਹਿਲੀ ਖੁਰਾਕ ਸਮੇ ਕੋਈ ਅਣਸੁਖਾਵਾਂ ਪ੍ਰਭਾਵ/ਵਿਪਰੀਤ ਘਟਨਾ ਹੋਵੇ, ਤਾਂ ਉਸ ਨੂੰ ਦੂਜੀ ਖੁਰਾਕ ਨਹੀਂ ਲੈਣੀ ਚਾਹੀਦੀ।

**ਪ੍ਰਸ਼ਨ: ਕੀ ਐਚ.ਆਈ.ਵੀ ਰੋਗ ਨਾਲ ਸੰਕ੍ਰਮਿਤ ਕੁੜੀਆਂ ਨੂੰ ਇਹ ਟੀਕਾ ਲਾਗਾਇਆ ਜਾ ਸਕਦਾ ਹੈ?**

**ਉੱਤਰ:** ਅਧਿਅਨ ਦਰਸਾਉਂਦੇ ਹਨ ਕਿ ਐਚ.ਪੀ.ਵੀ ਟੀਕਾਕਰਣ ਸੁਰੱਖਿਅਤ ਅਤੇ ਰੋਗ-ਵਿਰੋਧੀ ਸ਼ਕਤੀ ਨੂੰ ਵਧਾਉਣ ਵਾਲਾ ਹੁੰਦਾ ਹੈ ਅਤੇ ਇਹ ਐਚ.ਆਈ.ਵੀ ਸੰਕ੍ਰਮਿਤ ਕੁੜੀਆਂ ਨੂੰ ਲਗਾਏ ਜਾਣ ਉਤੇ ਕੋਈ ਸਮੱਸਿਆ ਨਹੀਂ ਖੜ੍ਹੀ ਕਰਦਾ। ਐਚ.ਪੀ.ਵੀ ਟੀਕਾਕਰਨ ਐਚ.ਆਈ.ਵੀ ਸੰਕ੍ਰਮਿਤ ਔਰਤਾਂ ਲਈ ਕੋਈ ਵਿਰੋਧੀ ਅਸਰ ਨਹੀਂ ਰਖਦਾ। ਐਚ.ਆਈ.ਵੀ ਸੰਕ੍ਰਮਿਤ ਕੁੜੀਆਂ ਨੂੰ ਐਚ.ਪੀ.ਵੀ ਦੇ ਟੀਕੇ ਦੀਆਂ ਤਿੰਨ ਖੁਰਾਕਾਂ ਲੈਣੀਆਂ ਚਾਹੀਦੀ ਹਨ: ਦੂਜੀ ਖੁਰਾਕ ਪਹਿਲੀ ਤੋਂ 1-2 ਮਹੀਨੇ ਮਗਰੋਂ ਅਤੇ ਫਿਰ ਤੀਜੀ ਖੁਰਾਕ ਪਹਿਲੀ ਤੋਂ 6 ਮਹੀਨੇ ਮਗਰੋਂ ਦਿਤੀ ਜਾਵੇ।

**ਪ੍ਰਸ਼ਨ: ਕੀ ਸਰੀਰਕ ਪਖੋਂ ਅਪਾਹਜ ਲੜਕੀਆਂ ਨੂੰ ਇਹ ਟੀਕਾਕਰਣ ਕਰਵਾਇਆ ਜਾ ਸਕਦਾ ਹੈ?**

**ਉੱਤਰ:** ਹਾਂ, ਸਰੀਰਕ ਅਪਾਹਜਤਾ ਐਚ.ਪੀ.ਵੀ ਟੀਕਾਕਰਨ ਵਿੱਚ ਰੁਕਾਵਟ ਨਹੀਂ ਬਣਦੀ।

**ਪ੍ਰਸ਼ਨ: ਕੀ ਮੁੰਡਿਆਂ ਨੂੰ ਐਚ.ਪੀ.ਵੀ ਟੀਕਾਕਰਨ ਕੀਤਾ ਜਾ ਸਕਦਾ ਹੈ?**

**ਉੱਤਰ:** ਵਿਸ਼ਵ ਸਿਹਤ ਸੰਗਠਨ ਨੇ ਹਾਲ ਦੀ ਘੜੀ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੀ ਰੋਕਥਾਮ ਲਈ ਮੁੰਡਿਆਂ ਨੂੰ ਐਚ.ਪੀ.ਵੀ ਵੈਕਸੀਨ ਦੇਣ ਦੀ ਸਿਫ਼ਾਰਸ਼ ਨਹੀਂ ਕਰਦਾ ਕਿਉਕੀ ਮੁਢਲੇ ਟੀਕੇ 9-13 ਸਾਲ ਦੀਆਂ ਲੜਕੀਆਂ ਦਾ ਐਚ.ਪੀ.ਵੀ ਟੀਕਾਕਰਨ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੀ ਰੋਕਥਾਮ ਲਈ ਕਾਫੀ ਹੈ।

## ਪੜਾਅ 1 ਐਚ.ਪੀ.ਵੀ ਟੀਕਾਕਰਨ ਦੀ ਰਣਨੀਤੀ

**ਪ੍ਰਸ਼ਨ: ਐਚ.ਪੀ.ਵੀ ਟੀਕਾਕਰਣ ਪਹਿਲਾਂ ਪੰਜਾਬ ਵਿਚ ਕਿਉਂ ਦਾਖਲ ਕਿੱਤਾ ਜਾ ਰਿਹਾ ਹੈ?**

**ਉੱਤਰ:** ਹਰ ਸਾਲ ਸੰਸਾਰ ਵਿਚ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੇ 5,00,000 ਨਵੇਂ ਕੇਸ ਵਾਪਰਦੇ ਹਨ ਅਤੇ ਹਰ ਸਾਲ 2,60,000 ਮੌਤਾਂ ਹੁੰਦੀਆਂ ਹਨ। ਭਾਰਤ ਵਿਚ ਬੱਚੇਦਾਨੀ ਦੇ ਮੂੰਹ ਕੈਂਸਰ ਹਰ ਸਾਲ 70,000 ਔਰਤਾਂ ਨੂੰ ਮੌਤ ਦੇ ਮੂੰਹ ਵਿਚ ਲੈ ਜਾਂਦਾ ਹੈ ਅਤੇ ਇਹ ਕੈਂਸਰ ਨਾਲ ਹੁੰਦੀਆਂ ਮੌਤਾਂ ਦਾ ਪ੍ਰਮੁੱਖ ਕਾਰਣ ਹੈ। ਪੰਜਾਬ ਵਿਚ ਇਸਤਰੀਆਂ ਵਿਚ ਇਹ ਦੂਜੇ ਨੰਬਰ ਦਾ ਸਭ ਤੋਂ ਆਮ ਕੈਂਸਰ ਹੈ। ਪੰਜਾਬ ਵਿਚ ਚਾਰ ਜਿਲ੍ਹਿਆਂ ਵਿੱਚ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੇ ਅੰਕੜੇ ਕੌਮੀ ਔਸਤ ਨਾਲੋਂ ਉਪਰ ਹਨ।

**ਪ੍ਰਸ਼ਨ: ਐਚ.ਪੀ.ਵੀ ਟੀਕਾਕਰਣ ਕੇਵਲ ਦੋ ਜ਼ਿਲਿਆਂ ਵਿਚ ਹੀ ਕਿਉਂ ਦਿਤਾ ਜਾ ਰਿਹਾ ਹੈ?**

**ਉੱਤਰ:** ਮੁਹਿੰਮ ਦੇ ਪਹਿਲੇ ਪੜਾਅ ਵਿੱਚ, ਟੀਕਾਕਰਨ ਕੇਵਲ ਦੋ ਜ਼ਿਲਿਆਂ ਵਿਚ ਹੀ ਕੀਤਾ ਜਾ ਰਿਹਾ ਹੈ — ਬਠਿੰਡਾ ਅਤੇ ਮਾਨਸਾ ਵਿੱਚ, ਕਿਉਂਕਿ ਉਹਨਾਂ ਵਿਚ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੀ ਬੀਮਾਰੀ ਜ਼ਿਆਦਾ ਹੈ। ਇਸ ਮਗਰੋਂ, ਪੰਜਾਬ ਨੇ ਯੋਜਨਾ ਬਣਾਈ ਹੈ ਕਿ ਸਾਰੇ ਰਾਜ ਵਿਚ ਐਚ.ਪੀ.ਵੀ ਟੀਕਾਕਰਣ ਸ਼ੁਰੂ ਕੀਤਾ ਜਾਵੇਗਾ।

ਪ੍ਰਸ਼ਨ: ਕੀ 13 ਸਾਲ ਤੋਂ ਵਡੀ ਉਮਰ ਦੀਆਂ ਲੜਕੀਆਂ ਅਤੇ ਔਰਤਾਂ ਨੂੰ ਇਹ ਟੀਕਾਕਰਨ ਮਿਲ ਸਕਦਾ ਹੈ?

**ਉੱਤਰ:** ਇਸ ਵੇਲੇ ਪੰਜਾਬ ਸਰਕਾਰੀ ਸਕੂਲਾਂ ਦੀਆਂ 6ਵੀਂ ਜਮਾਤ ਦੀਆਂ ਲੜਕੀਆਂ ਨੂੰ ਜ਼ਿਲਾ ਬਠਿੰਡਾ ਅਤੇ ਮਾਨਸਾ ਵਿਚ ਹੀ ਇਹ ਟੀਕੇ ਲੱਗ ਰਿਹਾ ਹੈ। ਵਡੀ ਉਮਰ ਦੀਆਂ ਲੜਕੀਆਂ ਅਤੇ ਔਰਤਾਂ ਇਹ ਟੀਕਾਕਰਣ

ਪ੍ਰਾਈਵੇਟ ਕਲਿਨਿਕਾਂ ਵਿਚ ਲਗਵਾ ਸਕਦੀਆਂ ਹਨ। 15 ਸਾਲ ਦੀਆਂ ਅਤੇ ਇਸ ਤੋਂ ਵਡੀਆਂ ਲੜਕੀਆਂ ਨੂੰ ਟੀਕੇ ਦੀਆਂ ਤਿੰਨ ਖੁਰਾਕਾਂ ਲੁਆਉਣੀਆਂ ਚਾਹੀਦੀਆਂ ਹਨ। ਦੂਜੀ ਖੁਰਾਕ ਪਹਿਲੀ ਤੋਂ 1-2 ਮਹੀਨੇ ਮਗਰੋਂ ਅਤੇ ਫਿਰ ਤੀਜੀ ਖੁਰਾਕ ਪਹਿਲੀ ਤੋਂ 6 ਮਹੀਨੇ ਮਗਰੋਂ ਦਿਤੀ ਜਾਵੇ।

**ਪ੍ਰਸ਼ਨ: ਟੀਕਾਕਰਣ ਕੇਵਲ 6ਵੀਂ ਸ਼੍ਰੇਣੀ ਦੀਆਂ ਲੜਕੀਆਂ ਲਈ ਕਿਉਂ ਹੈ? ਕੀ ਮੇਰੀ 7ਵੀਂ ਜਾਂ 8ਵੀਂ ਵਿਚ ਪੜ੍ਹਦੀ ਲੜਕੀ ਨੂੰ ਇਹ ਟੀਕਾ ਮਿਲ ਸਕਦਾ ਹੈ?**

**ਉੱਤਰ:** 5ਵੀਂ ਜਮਾਤ ਮਗਰੋਂ ਕਈ ਵਾਰ ਅਗਲੀ ਜਮਾਤ ਦੀ ਪੜ੍ਹਾਈ ਲਈ ਸਕੂਲ ਬਦਲਣ ਦੀ ਸੰਭਾਵਨਾ ਹੁੰਦੀ ਹੈ। ਜਦੋਂਕਿ 6ਵੀਂ ਜਮਾਤ ਦੀ ਲੜਕੀ ਆਮ ਕਰਕੇ ਉਸੇ ਸਕੂਲ ਵਿਚ ਪੜ੍ਹਦੀ ਰਹਿੰਦੀ ਹੈ, ਅਤੇ ਇਸ ਤਰ੍ਹਾਂ ਉਸ ਨੂੰ ਟੀਕੇ ਦੀ ਦੂਜੀ ਖੁਰਾਕ ਦੇਣਾ ਸੌਖਾ ਹੋ ਜਾਂਦਾ ਹੈ।

ਨਹੀਂ, ਇਸ ਵੇਲੇ ਪੰਜਾਬ ਕੇਵਲ ਸਰਕਾਰੀ ਸਕੂਲਾਂ ਵਿਚ 6ਵੀਂ ਵਿਚ ਪੜ੍ਹਦੀਆਂ ਲੜਕੀਆਂ ਨੂੰ ਇਹ ਟੀਕਾਕਰਣ ਦੀ ਸੇਵਾ ਪ੍ਰਦਾਨ ਕਰ ਰਿਹਾ ਹੈ (ਉਹਨਾਂ ਦੀ ਉਮਰ ਚਾਹੇ ਕੋਈ ਹੋਵੇ)।

**ਪ੍ਰਸ਼ਨ: ਐਚ.ਪੀ.ਵੀ ਟੀਕਾਕਰਣ ਕੇਵਲ ਸਕੂਲ ਵਿਚ ਪੜ੍ਹਦੀਆਂ ਕੁੜੀਆਂ ਲਈ ਹੀ ਕਿਉਂ ਹੈ? ਕੀ ਮੇਰੀ ਸਕੂਲ ਨਾ ਜਾਂਦੀ ਲੜਕੀ ਨੂੰ ਇਹ ਟੀਕਾ ਲੁਆਇਆ ਜਾ ਸਕਦਾ ਹੈ?**

**ਉੱਤਰ:** ਪਹਿਲੇ ਪੜਾਅ ਵਿੱਚ ਦੋ ਜ਼ਿਲਿਆਂ (ਬਠਿੰਡਾ ਅਤੇ ਮਾਨਸਾ) ਦੀਆਂ ਸਰਕਾਰੀ ਸਕੂਲਾਂ ਵਿੱਚ 6ਵੀਂ ਜਮਾਤ ਵਿੱਚ ਪੜ੍ਹਦੀਆਂ ਲੜਕੀਆਂ ਨੂੰ ਹੀ ਇਹ ਟੀਕੇ ਲਾਏ ਜਾਣਗੇ। ਇਸ ਮਗਰੋਂ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੀਆਂ ਅਤੇ ਸਕੂਲ ਨਾ ਜਾਂਦੀਆਂ ਕੁੜੀਆਂ ਨੂੰ ਵੀ ਇਸ ਟੀਕਾਕਰਣ ਦੇ ਦਾਇਰੇ ਵਿਚ ਲੇਕੇ ਆਉਣ ਦੀ ਯੋਜਨਾ ਹੈ।

**ਪ੍ਰਸ਼ਨ: ਕੀ ਦੂਜੇ ਜ਼ਿਲੇ (ਜਾਂ ਰਾਜ) ਜਿਥੇ ਇਹ ਟੀਕਾਕਰਣ ਲਾਗੂ ਨਹੀਂ ਕੀਤਾ ਗਿਆ, ਤੋਂ ਆਉਂਦੀ ਲੜਕੀ ਨੂੰ ਵੀ ਇਹ ਐਚ.ਪੀ.ਵੀ ਟੀਕਾਕਰਣ ਦਿੱਤਾ ਜਾਵੇਗਾ?**

**ਉੱਤਰ:** ਜੇ ਕਿਸੇ ਬਾਹਰਲੇ ਜ਼ਿਲ੍ਹੇ (ਜਾਂ ਦੂਜੇ ਰਾਜ) ਤੋਂ ਆਈ ਲੜਕੀ ਟੀਕਾਕਰਣ ਲਈ ਪਹੁੰਚ ਕਰਦੀ ਹੈ ਤਾਂ ਉਸ ਨੂੰ ਟੀਕਾਕਰਣ ਨਹੀਂ ਦਿਤਾ ਜਾਵੇਗਾ। ਇਸ ਵੇਲੇ ਐਚ.ਪੀ.ਵੀ ਟੀਕਾਕਰਣ ਦੇ ਪਹਿਲੇ ਪੜਾਅ ਵਿੱਚ, ਪੰਜਾਬ ਇਹਨਾਂ ਦੇ ਨਿਰਧਾਰਤ ਜ਼ਿਲ੍ਹਿਆਂ ਵਿਚਲੇ ਸਰਕਾਰੀ ਸਕੂਲਾਂ ਵਿਚ 6ਵੀਂ ਜਮਾਤ ਵਿੱਚ ਪੜ੍ਹਦੀਆਂ ਲੜਕੀਆਂ ਨੂੰ ਹੀ ਟੀਕਾਕਰਨ ਦੀ ਸਹੂਲਤ ਪ੍ਰਦਾਨ ਕਰ ਰਿਹਾ ਹੈ। ਇਸ ਉਪਰੰਤ ਪੰਜਾਬ ਦੀ ਯੋਜਨਾ ਹੈ ਕਿ ਰਾਜ ਪੱਧਰ ਉਤੇ ਇਸ ਸਕੀਮ ਨੂੰ ਲਾਗੂ ਕੀਤਾ ਜਾਵੇਗਾ, ਫਿਰ ਦੂਜੇ ਜ਼ਿਲਿਆਂ ਦੀਆਂ ਕੁੜੀਆਂ ਨੂੰ ਵੀ ਇਹ ਸੇਵਾ ਮਿਲ ਸਕੇਗੀ।

**ਪ੍ਰਸ਼ਨ: ਐਚ.ਪੀ.ਵੀ ਦੀ ਲੜਕੀਆਂ ਨੂੰ ਦਿੱਤੀ ਗਈ ਟੀਕਾਕਰਨ ਦੀ ਖੁਰਾਕ ਦਾ ਰੀਕਾਰਡ ਕਿਥੇ ਰਖਿਆ ਜਾਵੇਗਾ ਅਤੇ ਇਸ ਨੂੰ ਦੂਜੀ ਖੁਰਾਕ ਲਈ ਕਿਵੇਂ ਬਰਕਰਾਰ ਕੀਤਾ ਜਾਵੇਗਾ?**

**ਉੱਤਰ:** ਐਚ.ਪੀ.ਵੀ ਟੀਕਾਕਰਣ ਦੀ ਦਿਤੀ ਗਈ ਖੁਰਾਕ ਟੀਕਾਕਰਨ ਕਾਰਡ ਉਤੇ ਅਤੇ ਸਿਹਤ ਸਹੂਲਤਾਂ ਦੇ ਰਿਕਾਰਡਾਂ ਵਿਚ ਦਰਜ ਕੀਤੀ ਜਾਵੇਗੀ। ਜਦੋਂ ਜ਼ਿਲ੍ਹਾ ਪਹਿਲੀ ਖੁਰਾਕ ਲੈ ਚੁਕੀਆਂ ਯੋਗ ਲੜਕੀਆਂ ਨੂੰ 6 ਮਹੀਨਿਆਂ ਮਗਰੋਂ ਦੂਜੀ ਖੁਰਾਕ ਦੇਣ ਦੀ ਮੁਹਿੰਮ ਚਲਾਵੇਗਾ ਤਾਂ ਪਰਿਵਾਰ ਨੂੰ ਐਸਐਮਐਸ ਜਾਂ ਫੋਨ ਕਾਲ ਰਾਹੀਂ ਦੂਜੀ ਟੀਕਾਕਰਨ ਖੁਰਾਕ ਲਈ ਸੰਪਰਕ ਕੀਤਾ ਜਾਵੇਗਾ।

**ਪ੍ਰਸ਼ਨ: ਐਚ.ਪੀ.ਵੀ. ਦਾ ਟੀਕਾਕਰਨ ਕਿਹੜੀਆਂ ਸਿਹਤ ਸੰਸਥਾਵਾਂ ਵਿੱਚ ਕੀਤਾ ਜਾਵੇਗਾ??**

**ਉੱਤਰ:** ਪਹਿਲੇ ਪੜਾਅ ਦੌਰਾਨ ਦੋ ਜ਼ਿਲ੍ਹਿਆਂ ਦੇ ਜ਼ਿਲਾ ਹਸਪਤਾਲਾਂ, ਉਪ-ਮੰਡਲ ਹਸਪਤਾਲਾਂ ਅਤੇ ਸਮੁਦਾਇਕ ਸਿਹਤ ਕੇਂਦਰਾਂ ਵਿਖੇ ਐਚ.ਪੀ.ਵੀ ਦਾ ਟੀਕਾਕਰਨ ਕੀਤਾ ਜਾਵੇਗਾ। ਟੀਕਾਕਰਨ ਸਮੇਂ ਇਹਨਾਂ ਸਿਹਤ ਸਹੂਲਤਾਂ ਵਿਚ ਡਾਕਟਰੀ ਅਫਸਰ ਹਾਜ਼ਰ ਰਹੇਗਾ।

**ਪ੍ਰਸ਼ਨ: ਜੇ ਕੋਈ ਬੱਚੀ ਟੀਕਾਕਰਨ ਤੋਂ ਵਾਂਝਿਆਂ ਰਹਿ ਜਾਂਦੀ ਹੈ ਜਾਂ ਉਹ ਖੁੰਝ ਜਾਂਦੀ ਹੈ, ਤਾਂ ਉਸ ਦਾ ਕੀ ਬਣੇਗਾ?**

**ਉੱਤਰ:** ਪਹਿਲੇ ਪੜਾਅ ਦੌਰਾਨ, ਇਹ ਟੀਕਾਕਰਨ ਨਵੰਬਰ ਦੇ ਦੋ ਹਫ਼ਤਿਆਂ ਦੇ ਅੰਤ ਉਤੇ ਕੀਤਾ ਜਾਵੇਗਾ। ਜੇ 6ਵੀਂ ਸ਼੍ਰੇਣੀ ਦੀ ਕੋਈ ਲੜਕੀਆਂ ਇਸ ਸਮੇਂ ਪਹਿਲੀ ਖੁਰਾਕ ਤੋਂ ਵਾਂਝੀ ਰਹਿ ਜਾਂਦੀ ਹੈ ਤਾਂ ਉਹ ਆਪਣੀ ਪਹਿਲੀ ਖੁਰਾਕ ਉਦੋਂ ਲੈ ਸਕੇਗੀ ਜਦੋਂ 6 ਮਹੀਨਿਆਂ ਬਾਅਦ ਇਹ ਪ੍ਰੋਗਰਾਮ ਫਿਰ ਕੀਤਾ ਜਾਵੇਗਾ।

**ਪ੍ਰਸ਼ਨ: ਜੇ ਕਿਸੇ ਬੱਚੀ ਨੇ ਐਚ.ਪੀ.ਵੀ ਟੀਕਾਕਰਨ ਦੀ ਪਹਿਲੀ ਖੁਰਾਕ ਪ੍ਰਾਈਵੇਟ ਹਸਪਤਾਲ ਚੋਂ ਲਈ ਹੋਵੇ ਅਤੇ ਹੁਣ ਉਹ ਦੂਜੀ ਖੁਰਾਕ ਲਈ ਸਰਕਾਰੀ ਸਕੀਮ ਵਿਚ ਆ ਜਾਵੇ, ਤਾਂ ਕੀ ਹੋਵੇਗਾ?**

**ਉੱਤਰ:** ਟੀਕਾਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ ਹੇਠ ਲਿਖੇ ਵੇਰਵੇ ਪੜਤਾਲ ਲਏ ਜਾਣ:

1. ਯੋਗਤਾ ਯਕੀਨੀ ਬਣਾਓ — ਚੈੱਕ ਕਰੋ ਕਿ ਉਹ ਸਰਕਾਰੀ ਸਕੂਲ ਵਿੱਚ 6ਵੀਂ ਜਮਾਤ ਦੀ ਵਿਦਿਆਰਥਣ ਹੈ;
2. ਚੈੱਕ ਕਰੋ ਕਿ ਪਹਿਲੀ ਖੁਰਾਕ ਵਿੱਚ ਉਸ ਨੇ ਕਿਹੜਾ ਟੀਕਾ ਲੁਆਇਆ ਹੈ (ਦੁਗਣਾ ਜਾਂ ਚੌਗਣਾ ਐਚਪੀਵੀ ਟੀਕਾਕਰਣ);
3. ਚੈੱਕ ਕਰੋ ਕਿ ਦੋਹਾਂ ਵਿਚ ਘਟੋ ਘਟ ਛੇ ਮਹੀਨਿਆਂ ਦਾ ਵਕਫਾ ਹੈ।

ਪੰਜਾਬ ਚੌਗੁਣਾ ਟੀਕਾ ਸ਼ੁਰੂ ਕਰ ਰਿਹਾ ਹੈ, ਇਸ ਲਈ ਜੇ ਬੱਚੀ ਟੀਕਾਕਰਣ ਦੇ ਕਾਬਲ ਹੈ, ਅਤੇ ਜੇ ਬੱਚੀ ਨੇ ਪਹਿਲੀ ਖੁਰਾਕ ਇਸੇ ਅਨੁਸਾਰ ਚੌਗਣੀ ਤਾਕਤ ਵਾਲੀ ਲਈ ਹੈ, ਅਤੇ 6 ਮਹੀਨੇ ਲੰਘ ਗਏ ਹਨ, ਤਾਂ ਉਸ ਨੂੰ ਸਰਕਾਰੀ ਸਿਹਤ ਸੰਸਥਾ ਵਿਚ ਦੂਜੀ ਖੁਰਾਕ ਦਿਤੀ ਜਾ ਸਕਦੀ ਹੈ।

ਐਚ.ਪੀ.ਵੀ ਦੇ ਦੋ ਟੀਕਿਆਂ ਨੂੰ ਇਕ ਦੂਜੇ ਦੀ ਥਾਂ ਬਦਲਕੇ ਵਰਤਣ ਦੀ ਸੁਰੱਖਿਆ, ਰੋਗ-ਵਿਰੋਧੀ ਸ਼ਕਤੀ (ਇਮ੍ਯੂਨਟੀ) ਨੂੰ ਵਧਾਉਣ ਜਾਂ ਕਾਰਗਰਤਾ ਬਾਰੇ ਸੀਮਤ ਅੰਕੜੇ ਹੀ ਉਪਲਬਧ ਹਨ। ਦੁਗਣੇ ਅਤੇ ਚੌਗਣੇ ਟੀਕਿਆਂ ਦੀਆਂ ਵੱਖ ਵੱਖ ਵਿਸ਼ੇਸ਼ਤਾਈਆਂ, ਅੰਗ ਅਤੇ ਸੰਕੇਤਕ ਹਨ। ਜਿਹਨਾਂ ਹਾਲਤਾਂ ਵਿਚ ਦੋਵੇਂ ਟੀਕੇ ਵਰਤੇ ਜਾਣੇ ਹਨ ਸਾਰੀਆਂ ਖੁਰਾਕਾਂ ਲਈ ਉਹੀ ਦੁਆਈ ਵਰਤਣ ਦੀ ਹਰ ਕੋਸ਼ਿਸ਼ ਕੀਤੀ ਜਾਵੇ। ਪਰ ਜੇ ਪਹਿਲੀ ਖੁਰਾਕ ਵੇਲੇ ਵਰਤੀ ਦੁਆਈ ਦਾ ਪਤਾ ਨਾ ਲਗਦਾ ਹੋਵੇ ਤਾਂ ਸਿਫਾਰਸ਼ ਕੀਤੀ ਦੁਆਈ ਅਨੁਸੂਚੀ ਨੂੰ ਪੂਰਾ ਕਰਨ ਲਈ ਕੋਈ ਵੀ ਦੁਆਈ ਵਰਤੀ ਜਾ ਸਕਦੀ ਹੈ।

ਪ੍ਰਸ਼ਨ: ਜੇ ਇਕ ਟੀਕਾ ਲੁਆਉਣ ਮਗਰੋਂ ਬੱਚੀ ਦੂਜੇ ਥਾਂ ਚਲੀ ਜਾਂਦੀ ਹੈ ਤਾਂ ਕੀ ਉਸ ਨੂੰ ਦੂਜੀ ਖੁਰਾਕ ਦਾ ਟੀਕਾ ਲਾਉਣ ਲਈ ਲੱਭਿਆ ਜਾਵੇਗਾ?

ਉੱਤਰ: ਪਹਿਲੇ ਪੜਾਅ ਦੌਰਾਨ, ਪੰਜਾਬ ਕੇਵਲ ਦੋ ਨਿਰਧਾਰਤ ਜ਼ਿਲਿਆਂ ਵਿਚ ਹੀ ਐਚ.ਪੀ.ਵੀ ਦਾ ਟੀਕਾਕਰਣ ਕਰ ਰਿਹਾ ਹੈ। ਇਸ ਤੋਂ ਅਗਲੇ ਪੜਾਅ ਵਿਚ ਰਾਜ ਦੀ ਯੋਜਨਾ ਸਕੀਮ ਨੂੰ ਦੂਜੇ ਜ਼ਿਲਿਆਂ ਤਕ ਪਸਾਰਨ ਦੀ ਹੈ।ਉਥੇ ਉਪਲਬਧ ਹੋਣ ਤੇ ਬੱਚੀ ਫਿਰ ਉਹ ਬੱਚੀ ਨਵੇਂ ਜ਼ਿਲ੍ਹੇ ਵਿਚ ਵੀ ਦੂਜਾ ਟੀਕਾ ਲੁਆ ਸਕੇਗੀ।

## ਐਚ.ਪੀ.ਵੀ ਟੀਕੇ ਦੀ ਸੁਰੱਖਿਆ ਅਤੇ ਪ੍ਰਤੀਕੂਲ ਪ੍ਰਭਾਵ

**ਪ੍ਰਸ਼ਨ: ਕੀ ਐਚ.ਪੀ.ਵੀ ਟੀਕੇ ਸੁਰੱਖਿਅਤ ਅਤੇ ਅਸਰਦਾਰ ਹਨ?**

**ਉੱਤਰ:** ਡਰੱਗ ਕੰਟਰੋਲਰ ਜਨਰਲ ਆਫ ਇੰਡੀਆ (ਡੀ.ਸੀ.ਜੀ.ਆਈ), ਜੋ ਭਾਰਤ ਵਿਚ ਟੀਕਿਆਂ ਅਤੇ ਦੁਆਈਆਂ ਨੂੰ ਨੇਮਬੱਧ ਕਰਨ ਵਾਲੀ ਏਜੰਸੀ ਹੈ, ਨੇ ਚੌਗਣੇ (ਕੁਆਡਰੀਵੇਲੈਂਟ) ਐਚ.ਪੀ.ਵੀ ਟੀਕੇ ਨੂੰ ਆਪਣਾ ਲਾਇਸੈਂਸ ਦਿਤਾ ਹੈ ਅਤੇ ਇਸ ਨੂੰ ਸੁਰਖਿਅਤ ਅਤੇ ਅਸਰਦਾਰ ਹੋਣਾ ਮੰਨਿਆ ਹੈ। ਇਹ ਟੀਕਾ ਸੰਸਾਰ ਭਰ ਵਿਚ ਕਰੋੜਾਂ ਲੜਕੀਆਂ ਅਤੇ ਇਸਤਰੀਆਂ ਨੂੰ ਬਿਨਾਂ ਕਿਸੇ ਦੁਰਪ੍ਰਭਾਵ ਤੋਂ ਲਗਾਇਆ ਗਿਆ ਹੈ। ਆਮ ਹੋਣ ਵਾਲੇ ਪ੍ਰਭਾਵਾਂ ਵਿੱਚ ਟੀਕਾਕਰਨ ਵਾਲੇ ਸਥਾਨ ਉਤੇ ਸਥਾਨਕ ਦਰਦ, ਬੁਖਾਰ, ਸਿਰ ਦਰਦ ਅਤੇ ਜੀ ਕੱਚਾ ਸ਼ਾਮਲ ਹਨ। ਜਿਵੇਂ ਸਾਰੇ ਟੀਕਾਕਰਨਾਂ ਵਿੱਚ ਹੁੰਦਾ ਹੈ, ਇਹਨਾਂ ਟੀਕਿਆਂ ਦੀ ਸੁਰੱਖਿਆ ਉਤੇ ਵੀ ਗੰਭੀਰ ਧਿਆਨ ਰਖਿਆ ਜਾਂਦਾ ਹੈ।

**ਪ੍ਰਸ਼ਨ: ਕੀ ਐਚ.ਪੀ.ਵੀ ਦੇ ਟੀਕਾਕਰਨ ਮਗਰੋਂ ਬੱਚੀ ਨੂੰ ਵਿਸ਼ੇਸ਼ ਦੇਖਭਾਲ ਦੀ ਜ਼ਰੂਰਤ ਹੈ?**

**ਉੱਤਰ:** ਨਹੀਂ, ਟੀਕਾ ਲਾਏ ਜਾਣ ਪਿਛੋਂ ਕਿਸੇ ਵਿਸ਼ੇਸ਼ ਦੇਖਭਾਲ ਦੀ ਜ਼ਰੂਰਤ ਨਹੀਂ। ਜੇ ਟੀਕਾ ਲਾਉਣ ਵਾਲੀ ਥਾਂ ਉਤੇ ਬੱਚੀ ਨੂੰ ਦਰਦ ਹੁੰਦਾ ਹੈ, ਤਾਂ ਬਾਂਹ ਦੇ ਉਸ ਥਾਂ ਉਤੇ ਬਰਫ ਨਾਲ ਟਕੋਰ ਕੀਤੀ ਜਾ ਸਕਦੀ ਹੈ ਅਤੇ ਪੈਰਾਸੀਟਾਮੋਲ ਦੀ ਇੱਕ ਗੋਲ਼ੀ, ਲੋੜ ਹੋਣ ਤੇ ਲਈ ਜਾ ਸਕਦੀ ਹੈ, ਜੇ ਕੋਈ ਹੋਰ ਸਮੱਸਿਆ ਖੜ੍ਹੀ ਹੋ ਜਾਵੇ ਤਾਂ ਜਾਂਚ ਲਈ ਸਿਹਤ ਕੇਂਦਰ ਵਿਚ ਮੁੜ ਆਇਆ ਜਾਵੇ।

**ਪ੍ਰਸ਼ਨ: ਕੀ ਐਚ.ਪੀ.ਵੀ ਟੀਕਾਕਰਨ ਮੇਰੀ ਬੇਟੀ ਦੀ ਜਣਨ ਸ਼ਕਤੀ ਉਤੇ ਅਸਰ ਪਾਵੇਗਾ?ਕੀ ਭਵਿੱਖ ਵਿਚ ਉਸ ਨੂੰ ਗਰਭ ਧਾਰਨ ਜਾਂ ਗਰਭ ਨੂੰ ਨੇਪਰੇ ਚਾੜ੍ਹਣਾ ਵਧੇਰੇ ਮੁਸ਼ਕਲ ਹੋਵੇਗਾ?**

**ਉੱਤਰ:** ਨਹੀਂ, ਅਜਿਹਾ ਕੋਈ ਸਬੂਤ ਸਾਹਮਣੇ ਨਹੀਂ ਆਇਆ ਕਿ ਐਚ.ਪੀ.ਵੀ ਦਾ ਟੀਕਾਕਰਨ ਭਵਿੱਖ ਵਿੱਚ ਲੜਕੀ ਦੀ ਜਣਨ ਸ਼ਕਤੀ ਉਤੇ ਅਸਰ ਪਾਵੇਗਾ ਜਾਂ ਭਵਿੱਖ ਦੀਆਂ ਗਰਭ ਅਵਸਥਾਵਾਂ ਵਿਚ ਸਮੱਸਿਆਵਾਂ ਪੈਦਾ ਕਰੇਗਾ।